# ਪੰਜਾਬੀ ਦੇ ਵਿਕਾਸ ਵਿਚ ਵੱਡਾ ਅੜਿੱਕਾ

ਆਜ਼ਾਦੀ ਤੋਂ ਬਾਅਦ ਜਦੋਂ ਭਾਸ਼ਾ ਦੇ ਆਧਾਰ 'ਤੇ ਪ੍ਰਾਂਤਾਂ ਦਾ ਪੁਨਰਗਠਨ ਹੋਣ ਲੱਗਿਆ ਤਾਂ ਪੰਜਾਬੀ ਦੇ ਆਧਾਰ 'ਤੇ ਵੱਖਰੇ ਸੂਬੇ ਦੀ ਮੰਗ ਵੀ ਉੱਠੀ। ਪੁਨਰਗਠਨ ਕਮਿਸ਼ਨ ਵੱਲੋਂ ਇਸ ਮੰਗ ਨੂੰ ਠੁਕਰਾ ਦਿੱਤਾ ਗਿਆ। ਤਰਕ ਪੰਜਾਬੀ ਦਾ ਹਿੰਦੀ ਨਾਲੋਂ ਵੱਖਰੀ ਭਾਸ਼ਾ ਨਾ ਹੋਣਾ ਅਤੇ ਇਸ ਮੰਗ ਦਾ ਸਾਰੇ ਸੂਬੇ ਵਾਸੀਆਂ ਵੱਲੋਂ ਨਾ ਕੀਤਾ ਜਾਣਾ, ਦਿੱਤਾ ਗਿਆ।

ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਮੋਰਚਾ ਲਾ ਦਿੱਤਾ। ਵੱਖਰੇ ਸੂਬੇ ਦੀ ਮੰਗ ਭਾਵੇਂ ਭਾਸ਼ਾ ਦੇ ਆਧਾਰ 'ਤੇ ਕੀਤੀ ਗਈ ਪਰ ਲੁੱਕਵਾਂ ਉਦੇਸ਼ ਸਿੱਖ ਬਹੁਮਤ ਵਾਲੇ ਰਾਜ ਦੀ ਸਥਾਪਨਾ ਸੀ।

ਧਰਮਾਂ ਦੇ ਆਧਾਰ 'ਤੇ 1947 ਵਿਚ ਹੋਈ ਦੇਸ਼ ਦੀ ਵੰਡ ਕਾਰਨ ਹੋਏ ਵੱਡੇ ਖ਼ੂਨ-ਖਰਾਬੇ, ਉਥਲ-ਪੁਥਲ ਅਤੇ ਤਬਾਹੀ ਦੀ ਯਾਦ ਹਾਲੇ ਲੋਕਾਂ ਦੇ ਮਨਾਂ ਵਿਚ ਤਾਜ਼ਾ ਸੀ। ਧਰਮ ਦੇ ਆਧਾਰ 'ਤੇ ਇੱਕ ਹੋਰ ਵੰਡ ਕਰਨ ਤੋਂ ਕੇਂਦਰ ਸਰਕਾਰ ਨੂੰ ਡਰ ਲੱਗ ਰਿਹਾ ਸੀ। ਪੰਜਾਬੀ ਹਿੰਦੂ, ਸਿੱਖ ਬਹੁਮਤ ਵਾਲੇ ਰਾਜ ਵਿਚ ਵਸਣ ਤੋਂ ਕਤਰਾ ਰਹੇ ਸਨ। ਉਹਨਾਂ ਨੂੰ ਪੰਜਾਬੀ ਸੂਬੇ ਦੀ ਸਥਾਪਨਾ ਲਈ ਹੁੰਗਾਰਾ ਭਰਨਾ ਆਤਮਘਾਤੀ ਲੱਗਿਆ। ਇੰਝ ਇਹ ਮੰਗ ਕੇਵਲ ਸਿੱਖਾਂ ਦੀ ਬਣ ਕੇ ਰਹਿ ਗਈ।

ਜਲੰਧਰੋਂ ਛਪਦੇ ਅਖਬਾਰਾਂ ਨੇ ਇਸ ਖਿੱਚੋਤਾਣ ਦਾ ਭਰਪੂਰ ਲਾਭ ਉਠਾਇਆ। ਉਹ ਹਿੰਦੂਆਂ ਨੂੰ ਪੰਜਾਬੀ ਸੂਬੇ ਦੀ ਸਥਾਪਨਾ ਦਾ ਖੁੱਲ੍ਹ ਕੇ ਵਿਰੋਧ ਕਰਨ ਲਈ ਉਕਸਾਉਣ ਲੱਗੇ। ਸਲਾਹ ਦੇਣ ਲੱਗੇ ਕਿ ਮਰਦਮ ਸ਼ੁਮਾਰੀ ਸਮੇਂ ਉਹ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਾਉਣ ਤਾਂ ਜੋ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਬਣਨ ਵਾਲੇ ਸੂਬੇ ਦੀ ਮੰਗ ਦਾ ਆਧਾਰ ਹੀ ਖਿਸਕ ਜਾਵੇ। ਮੁੜ ਉਜਾੜੇ ਤੋਂ ਡਰਦੇ ਹਿੰਦੂ ਉਹਨਾਂ ਦੇ ਬਹਿਕਾਵੇ ਵਿਚ ਆ ਗਏ। ਸਮੱਸਿਆ ਨੇ ਨਵਾਂ ਮੋੜ ਲੈ ਲਿਆ। ਲੋਕ ਹਿੰਦੂ ਸਿੱਖ ਧੜਿਆਂ ਵਿਚ ਵੰਡਣੇ ਸ਼ੁਰੂ ਹੋ ਗਏ।

ਇਕੱਲਾ ਅਕਾਲੀ ਦਲ ਆਪਣੀ ਮੰਗ 'ਤੇ ਅੜਿਆ ਰਿਹਾ। ਪੰਜਾਬੀ ਸੂਬੇ ਦੇ ਸਮੱਰਥਕਾਂ ਵੱਲੋਂ ਜੇਲ੍ਹਾਂ ਭਰੀਆਂ ਜਾਣ ਲੱਗੀਆਂ। 1955 ਵਿਚ 1200 ਅਤੇ 1960-61 ਵਿਚ 2600 ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ।

ਅਖੀਰ ਕੇਂਦਰ ਸਰਕਾਰ ਝੁਕੀ। ਪੰਜਾਬੀ ਸੂਬੇ ਦੀ ਸਥਾਪਨਾ ਹੋਈ। ਸਾਂਝੇ ਪੰਜਾਬ ਵਿਚ ਹਿੰਦੂਆਂ ਦੀ ਆਬਾਦੀ 66.3 ਫ਼ੀਸਦੀ ਸੀ। ਨਵੇਂ ਪੰਜਾਬ ਵਿਚ ਸਿੱਖਾਂ ਦੀ ਆਬਾਦੀ 60 ਫ਼ੀਸਦੀ ਹੋ ਗਈ। ਅਕਾਲੀ ਦਲ ਦੀ ਰਾਜਨੀਤਕ ਚਾਲ ਸਫ਼ਲ ਹੋਈ। ਨਵੇਂ ਸੂਬੇ ਵਿਚ ਕਾਂਗਰਸ ਦੇ ਵੀਹ ਸਾਲ (ਜਨਵਰੀ 2018 ਤੱਕ) ਦੇ ਮੁਕਾਬਲੇ ਇਸ ਨੇ 23 ਸਾਲ ਰਾਜ ਕੀਤਾ।

ਸੱਤਾ ਦੇ ਸਰੂਰ ਵਿਚ ਅਕਾਲੀ ਦਲ, ਪੰਜਾਬੀ ਸੂਬੇ ਦੀ ਸਥਾਪਨਾ ਦਾ ਅਸਲ ਉਦੇਸ਼, ਗੁਰਮੁਖੀ ਦਾ ਸਰਵਪੱਖੀ ਵਿਕਾਸ, ਭੁੱਲ ਗਈ। ਪੰਜਾਬੀ ਦੀ ਸਰਕਾਰੇ-ਦਰਬਾਰੇ ਚੜ੍ਹਤ ਹੋਣ ਨਾਲ ਹਿੰਦੂ ਤਬਕੇ ਦੇ ਨਾਰਾਜ਼ ਹੋਣ ਅਤੇ ਵੋਟ ਬੈਂਕ ਦੇ ਖੁਸ ਜਾਣ ਦੀ ਸੰਭਾਵਨਾ ਤੋਂ ਡਰ ਗਈ। ਪੰਜਾਬੀ ਦਾ ਵਿਕਾਸ ਠੰਡੇ ਬਸਤੇ ਵਿਚ ਪੈ ਗਿਆ।

ਦੂਜੇ ਪਾਸੇ ਪੰਜਾਬੀ ਹਿੰਦੂ ਸਿਆਣੇ ਹੋ ਗਏ। ਆਪਣੇ ਬਜੁਰਗਾਂ ਦੀ ਭੁੱਲ ਨੂੰ ਸੁਧਾਰ ਕੇ ਉਹ ਹਰ ਥਾਂ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਅਤੇ ਸਰਕਾਰੀ ਕਰਕਾਰਦ ਵਿਚ ਦਰਜ ਕਰਾਉਣ ਲੱਗੇ। 1991 ਵਿਚ ਹੋਈ ਮਰਦਮ ਸ਼ੁਮਾਰੀ ਵਿਚ 84.88 ਫ਼ੀਸਦੀ ਪੰਜਾਬੀ ਵਸੋਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਦੱਸੀ। 2001 ਦੀ ਮਰਦਮ ਸ਼ੁਮਾਰੀ ਵਿਚ ਇਹ ਪ੍ਰਤੀਸ਼ਤ ਵਧ ਕੇ 91.7 ਹੋ ਗਈ। ਬਾਕੀ ਦੀ 8.4 ਫ਼ੀਸਦੀ ਵਸੋਂ ਉਹਨਾਂ ਗੈਰ ਪੰਜਾਬੀਆਂ ਦੀ ਹੈ ਜੋ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਇੱਥੇ ਆ ਕੇ ਵਸ ਗਏ ਹਨ। ਉਹਨਾਂ ਨੇ ਆਪਣੀ ਮਾਤ ਭਾਸ਼ਾ ਕੀ ਲਿਖਾਈ, ਇਸ ਨਾਲ ਨਾ ਕਿਸੇ ਨੂੰ ਕੋਈ ਗਿਲਾ ਹੈ ਨਾ ਮਤਲਬ। 2011 ਦੇ ਅੰਕੜੇ ਆਉਣੇ ਬਾਕੀ ਹਨ। ਆਸ ਹੈ ਇਹ ਪ੍ਰਤੀਸ਼ਤ ਹੋਰ ਵਧੇਗੀ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਹੁਣ ਪੰਜਾਬੀ 'ਤੇ ਕਿਸੇ ਇੱਕ ਤਬਕੇ ਦੀ ਇਜ਼ਾਰੇਦਾਰੀ ਨਹੀਂ ਹੈ। ਇਹ ਸਾਰੇ ਪੰਜਾਬੀਆਂ ਦੀ ਸਾਂਝੀ ਮਾਂ ਬੋਲੀ ਹੈ।

ਸਿਆਸੀ ਧਿਰਾਂ ਨੇ ਸਿਆਸੀ ਲਾਹਾ ਲੈਣ ਲਈ ਧਰਮ ਦੇ ਸੁੱਤੇ ਜਿੰਨ ਨੂੰ ਚਿਰਾਗ਼ ਵਿਚੋਂ ਕੱਢ ਤਾਂ ਲਿਆ ਪਰ ਹੁਣ ਜਿੰਨ ਇਹਨਾਂ ਦੇ ਵੱਸ ਵਿਚ ਨਹੀਂ ਆ ਰਿਹਾ। ਉਹਨਾਂ ਨੂੰ ਲੱਗ ਰਿਹਾ ਹੈ ਕਿ ਪੰਜਾਬੀ ਹਿੰਦੂਆਂ ਨੂੰ ਹਾਲੇ ਵੀ ਪੰਜਾਬੀ ਨਾਲ ਘਿਰਣਾ ਹੈ। ਜੇ ਪੰਜਾਬੀ ਦੇ ਵਿਕਾਸ ਲਈ ਕੋਈ ਕਦਮ ਪੁੱਟਿਆ ਤਾਂ ਨਾਰਾਜ਼ ਹੋਇਆ ਹਿੰਦੂ ਵੋਟ ਬੈਂਕ ਉਹਨਾਂ ਦੀ ਜੇਬ ਵਿਚੋਂ ਖਿਸਕ ਜਾਵੇਗਾ। ਇਸ ਹਊਏ ਕਾਰਨ ਉਹ ਪੰਜਾਬੀ ਦੇ ਵਿਕਾਸ ਨੂੰ ਟਾਲਦੀਆਂ ਆ ਰਹੀਆਂ ਹਨ। ਜਦੋਂ ਕਿ ਉਕਤ ਅੰਕੜਿਆਂ ਅਨੁਸਾਰ ਸਥਿਤੀ ਇਸ ਦੇ ਉਲਟ ਹੈ। ਪੰਜਾਬੀ ਦਾ ਵਿਕਾਸ ਹਿੰਦੂਆਂ ਲਈ ਵੀ ਉਹਨਾਂ ਹੀ ਲਾਭਕਾਰੀ ਹੈ ਜਿੰਨਾਂ ਸਿੱਖਾਂ ਲਈ। ਇਹ ਸਚਾਈ ਸਭ ਨੂੰ ਸਮਝ ਆ ਚੁੱਕੀ ਹੈ।

ਸੁਹਿਰਦਤਾ ਨਾਲ ਪੰਜਾਬੀ ਦੇ ਵਿਕਾਸ ਲਈ ਯਤਨਸ਼ੀਲ ਲੋਕਾਂ ਅਤੇ ਜੱਥੇਬੰਦੀਆਂ ਦੇ ਦਬਾਅ ਹੇਠ, ਕਦੇ-ਕਦੇ ਸਰਕਾਰਾਂ ਨੂੰ, ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਦਾ ਦਿਖਾਵਾ ਕਰਨਾ ਪੈਂਦਾ ਹੈ। ਉਹ ਰਾਜ ਭਾਸ਼ਾ ਐਕਟ ਬਣਾਉਂਦੀਆਂ ਜਾਂ ਪਹਿਲਾਂ ਬਣੇ ਐਕਟ ਵਿਚ ਸੋਧਾਂ ਕਰਦੀਆਂ ਹਨ। ਵੱਡੇ-ਵੱਡੇ ਸਿਆਸੀ ਬਿਆਨ ਦਾਗ਼ਦੀਆਂ ਹਨ। ਸਿਆਸੀ ਸ਼ਬਦ ਜਾਲ ਵਿਚ ਫਸੇ ਲੋਕ ਖੁਸ਼ ਹੋ ਜਾਂਦੇ ਹਨ। ਮਾਂ ਬੋਲੀ ਪੰਜਾਬੀ ਦੇ ਵਿਕਾਸ ਦੇ ਸੁਪਨੇ ਲੈਣ ਲੱਗਦੇ ਹਨ। ਹੌਲੀ-ਹੌਲੀ ਜਦੋਂ, ਕਾਨੂੰਨ ਦੇ ਜ਼ਮੀਨੀ ਪੱਧਰ 'ਤੇ ਲਾਗੂ ਨਾ ਹੋਣ ਦਾ ਸੱਚ ਲੋਕਾਂ ਦੇ ਸਾਹਮਣੇ ਆਉਂਦਾ ਹੈ ਤਾਂ ਮਾਂ ਬੋਲੀ ਉਹਨਾਂ ਨੂੰ ਟੁੰਬਦੀ ਹੈ ਅਤੇ ਉਹ ਇਸ ਦੇ ਵਿਕਾਸ ਲਈ ਫਿਰ ਸੰਘਰਸ਼ ਦੇ ਰਾਹ ਪੈ ਜਾਂਦੇ ਹਨ।

ਅੱਜ-ਕੱਲ੍ਹ ਇਹ ਸੰਘਰਸ਼ ਫੇਰ ਚੱਲ ਰਿਹਾ ਹੈ। ਰਾਹਤ ਵਾਲੀ ਇਹ ਗੱਲ ਹੈ ਕਿ ਇਸ ਵਾਰ ਸਾਹਿਤਕ ਜਥੇਬੰਦੀਆਂ ਹੀ ਨਹੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਰਗੀਆਂ ਸਿੱਖ ਸੰਸਥਾਵਾਂ ਵੀ ਮੈਦਾਨ ਵਿਚ ਹਨ।

ਸਿੱਖਾਂ ਲਈ ਪੰਜਾਬੀ ਦਾ ਵਿਕਾਸ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁੱਖੀ ਵਿਚ ਅੰਕਿਤ ਹੈ। ਗੁਰਮੁੱਖੀ (ਪੰਜਾਬੀ) ਨੂੰ ਨੁਕਸਾਨ ਹੋਣ ਨਾਲ ਸਿੱਖ ਧਰਮ ਦੇ ਵਿਕਾਸ ਅਤੇ ਪ੍ਰਸਾਰ ਨੂੰ ਠੇਸ ਪੁੱਜ ਸਕਦੀ ਹੈ। ਸਿੱਖਾਂ ਦੀ ਗੁਰਮੁੱਖੀ ਪ੍ਰਤੀ ਇਹ ਧਾਰਮਿਕ ਆਸਥਾ ਪੰਜਾਬੀ ਦੇ ਸਮੁੱਚੇ ਵਿਕਾਸ ਲਈ ਸ਼ੁੱਭ ਹੈ ਨਾ ਕਿ ਘਾਤਕ। ਅੱਜ-ਕੱਲ੍ਹ ਗੈਰ ਸਿੱਖ ਪੰਜਾਬੀ ਵੀ ਇਸ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਹਨ। ਉਹਨਾਂ ਦੇ ਯਤਨਾਂ ਦੀ ਵੀ ਸ਼ਲਾਘਾ ਕਰਨੀ ਬਣਦੀ ਹੈ।

ਰਾਜਨੀਤੀ ਦੀ ਭਾਸ਼ਾ ਅਤੇ ਭਾਸ਼ਾ ਦੀ ਰਾਜਨੀਤੀ ਨੇ ਮਿਲ ਕੇ ਪੰਜਾਬੀ ਦੀ ਨੀਤੀ ਨੂੰ ਅਗਵਾ ਕਰ ਲਿਆ ਹੈ। ਨਤੀਜੇ ਵਜੋਂ ਵਿਧਾਨਿਕ, ਪ੍ਰਸ਼ਾਸਨਿਕ ਅਤੇ ਨਿਆਂਇਕ ਪ੍ਰਕ੍ਰਿਆਂਵਾਂ ਵਿਚੋਂ, ਸਿੱਖਿਆ, ਵਪਾਰ ਅਤੇ ਵਿਵਹਾਰ ਵਿਚੋਂ, ਪੰਜਾਬੀ ਨੂੰ ਦੇਸ਼ ਨਿਕਾਲਾ ਮਿਲ ਚੁੱਕਿਆ ਹੈ। ਪੰਜਾਬੀ ਦੇ ਰੁਜ਼ਗਾਰ ਦਿਵਾਉਣ ਦੀ ਸਮਰੱਥਾ ਦੇ ਖੁਸ ਜਾਣ ਕਾਰਨ ਲੋਕ ਇਸ ਨੂੰ ਫ਼ਜ਼ੂਲ ਸਮਝਣ ਲੱਗ ਪਏ ਹਨ। ਲੋਕਾਂ ਦੀ ਮਾਨਸਿਕਤਾ ਵਿਚ ਅੰਗਰੇਜ਼ੀ ਵਸ ਗਈ ਹੈ। ਇਸ ਮਾਨਸਿਕਤਾ ਨੂੰ ਪੱਕਾ ਕਰਨ ਲਈ ਸਰਕਾਰ ਮੱਹਤਵਪੂਰਨ ਭੂਮਿਕਾ ਨਿਭਾ ਰਹੀ ਹੈ। ਪਹਿਲੀ ਜਮਾਤ ਤੋਂ ਅੰਗਰੇਜ਼ੀ ਨੂੰ ਸਿੱਖਿਆ ਦਾ ਮਾਧਿਅਮ ਬਣਾ ਰਹੀ ਹੈ।

ਅਜਿਹੇ ਕਾਰਨਾਂ ਕਰਕੇ ਅਗਲੇ ਪੰਜਾਹ ਸਾਲ ਵਿਚ ਪੰਜਾਬੀ ਦੇ ਅਲੋਪ ਹੋ ਜਾਣ ਦੀਆਂ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ। ਯੂ.ਐਨ.ਓ. ਨੇ ਕੋਈ ਸਰਵੇਖਣ ਜਾਂ ਭਵਿੱਖਬਾਣੀ ਕੀਤੀ ਜਾਂ ਨਹੀਂ, ਇਸ ਤੱਥ ਨੂੰ ਨਜ਼ਰਅੰਦਾਜ ਕਰਕੇ, ਪੰਜਾਬੀ ਦੀ ਸਹੀ ਸਥਿਤੀ ਦਾ ਅਨੁਮਾਨ ਆਪਣੇ ਆਲੇ-ਦੁਆਲੇ ਤੋਂ ਆਪ ਲਾਇਆ ਜਾ ਸਕਦਾ ਹੈ। ਨਿੱਜੀ ਤਜ਼ਰਬੇ ਦੇ ਆਧਾਰ ‘ਤੇ ਮੇਰਾ ਅਨੁਮਾਨ ਹੈ ਕਿ ਪੰਜਾਬ ਵਿਚ ਟਕਸਾਲੀ ਪੰਜਾਬੀ ਦਾ ਭਵਿੱਖ ਖ਼ਤਰੇ ਵਿਚ ਹੈ। ਇਸ ਦਾ ਵੱਡਾ ਕਾਰਨ ਪੰਜਾਬੀ ਨੂੰ ਰਾਜ ਭਾਸ਼ਾ ਦਾ ਸਹੀ ਦਰਜਾ ਨਾ ਮਿਲਣਾ ਹੈ।

ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਲਈ ਵੱਖ-ਵੱਖ ਸਰਕਾਰਾਂ ਨੇ ਕਿਹੋ ਜਿਹਾ ਰਾਜ ਭਾਸ਼ਾ ਐਕਟ ਬਣਾਇਆ, ਕਿਹੋ ਜਿਹੀਆਂ ਇਸ ਵਿਚ ਸੋਧਾਂ ਕੀਤੀਆਂ, ਕਾਨੂੰਨੀ ਵਿਵਸਥਾਵਾਂ ਨੂੰ ਜ਼ਮੀਨੀ ਪੱਧਰ ‘ਤੇ ਕਿੰਨਾ ਕੁ ਲਾਗੂ ਕੀਤਾ, ਇਸ ਖੋਜ ਨਿਬੰਧ ਦਾ ਉਦੇਸ਼ ਇਹ ਲੇਖਾ-ਜੋਖਾ ਕਰਨਾ ਹੈ। ਨਾਲ ਹੀ ਰਹਿ ਗਈਆਂ ਕਮੀਆਂ ਨੂੰ ਸੁਧਾਰਨ ਲਈ ਸੁਝਾਅ ਦੇਣਾ ਹੈ।

ਕਹਿੰਦੇ ਹਨ ਹਰ ਬਾਰ੍ਹਾਂ ਕੋਹ ‘ਤੇ ਬੋਲੀ ਬਦਲ ਜਾਂਦੀ ਹੈ। ਜੇ ਪੰਜਾਬੀਆਂ ਨੇ ਪੰਜਾਬੀ ਦੀ ਹੋਂਦ ਨੂੰ ਬਚਾਉਣ ਲਈ ਆਪਣੇ ਸਿਰ ਤਲੀ ‘ਤੇ ਨਾ ਧਰੇ ਤਾਂ ਇੱਧਰਲੇ ਪੰਜਾਬ ਵਿਚ ਪੰਜਾਬੀ ਜੇ ਅਲੋਪ ਨਾ ਵੀ ਹੋਈ ਤਾਂ ਆਪਣਾ ਰੂਪ ਜ਼ਰੂਰ ਬਦਲ ਲਵੇਗੀ। ਕੁਝ ਹੀ ਦਹਾਕਿਆਂ ਵਿਚ ਇਹ ਨਾ ਸਮਝ ਆਉਣ ਵਾਲੀ ਕੋਈ ਮਲਗੋਭਾ ਭਾਸ਼ਾ ਵਿਚ ਬਦਲ ਜਾਵੇਗੀ। ਪੰਜਾਬੀਆਂ ਨੂੰ ਯਥਾਰਥਿਕ ਸਥਿਤੀ ਤੋਂ ਜਾਣੂ ਕਰਾਉਣਾ ਵੀ ਇਸ ਨਿਬੰਧ ਦਾ ਉਦੇਸ਼ ਹੈ।

ਇਸ ਤਪਦੇ ਥਲ ਵਿਚ ਵਿਦੇਸ਼ਾਂ ਵਲੋਂ ਠੰਡੀ ਹਵਾ ਦਾ ਇੱਕ ਬੁੱਲ੍ਹਾ ਵੀ ਆ ਰਿਹਾ ਹੈ। ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਆਪਣੀ ਮਾਂ ਦੇ ਦੁੱਧ ਦਾ ਮੁੱਲ ਚੁਕਾ ਰਹੇ ਹਨ। ਉਹਨਾਂ ਦੇ ਯਤਨਾਂ ਨੂੰ ਦੇਖ ਕੇ ਅਸੀਂ ਫ਼ਖ਼ਰ ਨਾਲ ਕਹਿ ਸਕਦੇ ਹਾਂ ਕਿ ਟਕਸਾਲੀ ਪੰਜਾਬੀ ਦੀ ਹੋਂਦ ਬਣੀ ਰਹੇਗੀ।ਇਹ ਵਿਕਾਸ ਵੀ ਕਰੇਗੀ ਪਰ ਕੇਵਲ ਵਿਦੇਸ਼ਾਂ ਵਿਚ।